# ਇਬਰਾਨੀਆਂ 6:6 ਨੂੰ ਸਮਝਣਾ

ਫ੍ਰੈਂਕਲਿਨ ਵੱਲੋਂ ਤਿਆਰ ਅਧਿਐਨ

**ਇਬਰਾਨੀਆਂ 6:1-8** ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ ਸਿਆਣਪੁਣੇ ਦੀ ਵੱਲ ਅਗਾਹਾਂ ਵਧਦੇ ਜਾਈਏ ਅਤੇ ਮੁਰਦਿਆਂ ਕੰਮਾਂ ਤੋਂ ਤੋਬਾ ਕਰਨ ਦੀ ਨੀਂਹ ਮੁੜ ਕੇ ਨਾ ਧਰੀਏ, ਨਾਲੇ ਪਰਮੇਸ਼ਰ ਉੱਤੇ ਨਿਹਚਾ ਕਰਨ ਦੀ, (2) ਅਸ਼ਨਾਨਾਂ ਦੀ ਸਿੱਖਿਆ ਦੀ, ਹੱਥ ਰੱਖਣ ਦੀ, ਮੁਰਦਿਆਂ ਦੇ ਜੀ ਉੱਠਣ ਦੀ ਅਤੇ ਸਦੀਪਕ ਨਿਆਉਂ ਦੀ। (3) ਪਰਮੇਸ਼ਰ ਚਾਹੇ ਤਾਂ ਅਸੀਂ ਇਹੋ ਹੀ ਕਰਾਂਗੇ। (4) ਕਿਉਂਕਿ ਓਹ ਜਿਹੜੇ ਇੱਕ ਵਾਰੀ ਉਜਿਆਲੇ ਕੀਤੇ ਗਏ ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ। (5) ਅਤੇ ਪਰਮੇਸ਼ਰ ਦੇ ਸ਼ੁਭ ਬਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ। (6) ਅਤੇ ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੋਬਾ ਕਰਾਉਣੀ ਅਣਹੋਣੀ ਹੈ ਇਸ ਲਈ ਜੋ ਓਹ ਪਰਮੇਸ਼ਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ। (7) ਜਿਹੜੀ ਭੋਂ ਉਸ ਵਰਖਾ ਨੂੰ ਜੋ ਉਸ ਉੱਤੇ ਵਾਰ ਵਾਰ ਪੈਂਦੀ ਹੈ ਪੀ ਗਈ ਅਤੇ ਜਿਨ੍ਹਾਂ ਲਈ ਵਾਹੀ ਜਾਂਦੀ ਹੈ ਉਨ੍ਹਾਂ ਦੇ ਜੋਗ ਸਾਗ ਪੱਤ ਉਗਾਉਂਦੀ ਹੈ ਉਹ ਨੂੰ ਪਰਮੇਸ਼ਰ ਤੋਂ ਵਰ ਮਿਲਦਾ ਹੈ। (8) ਪਰ ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ ਤਾਂ ਅਪਰਵਾਨ ਹੁੰਦੀ ਅਤੇ ਸਰਾਪੀ ਜਾਣ ਦੇ ਨੇੜੇ ਹੈ ਜਿਹ ਦਾ ਅੰਤ ਭਸਮ ਕੀਤਾ ਜਾਣਾ ਹੈ।

ਸਹੀ ਵਿਆਖਿਆ ਲਈ ਸੰਦਰਭ ਦਾ ਅਧਿਐਨ ਕੀਤਾ ਜਾਣਾ ਹਮੇਸ਼ਾ ਮਹੱਤਵਪੂਰਣ ਹੈ:

**ਇਬਰਾਨੀਆਂ 5:12-14** ਕਿਉਂ ਜੋ ਚਿਰ ਹੋਣ ਕਰਕੇ ਤੁਹਾਨੂੰ ਉਪਦੇਸ਼ਕ ਹੋਣਾ ਚਾਹੀਦਾ ਸੀ ਪਰ ਤੁਹਾਨੂੰ ਲੋੜ ਹੈ ਭਈ ਕੋਈ ਤੁਹਾਨੂੰ ਪਰਮੇਸ਼ਰ ਦੀ ਬਾਣੀ ਦੇ ਮੂਲ ਮੰਤਰਾਂ ਦਾ ਮੁੱਢ ਫੇਰ ਸਿਖਾਵੇ ਅਤੇ ਤੁਸੀਂ ਅਜੇਹੇ ਬਣ ਗਏ ਹੋ ਜੋ ਤੁਹਾਨੂੰ ਅੰਨ ਦੀ ਨਹੀਂ ਸਗੋਂ ਦੁੱਧ ਦੀ ਲੋੜ ਪਈ ਹੋਈ ਹੈ!

- ਦੁੱਧ ਦੀ ਲੋੜ ਨਿਆਣਿਆਂ ਨੂੰ ਹੁੰਦੀ ਹੈ ਕਿ ਉਹ ਅਕਾਰ, ਬਲ ਅਤੇ ਗਿਆਨ ਵਿੱਚ ਵਧ ਸਕਣ।
- ਲਿਖਾਰੀ ਜਿਸ ਮਸਲੇ ਬਾਰੇ ਚਿੰਤਤ ਹੈ, ਉਹ ਹੈ **ਪਰਿਪੱਕਤਾ** — ਨਿਆਣਿਆਂ ਤੋਂ **ਪੁੱਤਰ** ਬਣਨਾ। ਪਰਿਪੱਕ ਵਿਅਕਤੀ ਦੂਜਿਆਂ ਨੂੰ ਸਿਖਾਵੇਗਾ — ਚੇਲਾਪਣ।

(13) ਹਰੇਕ ਜਿਹੜਾ ਦੁੱਧ ਹੀ ਵਰਤਦਾ ਹੈ ਉਹ **ਧਰਮ ਦੇ ਬਚਨ** ਤੋਂ ਅਣਜਾਣ ਹੈ ਇਸ ਲਈ ਕਿ **ਨਿਆਣਾ** ਹੈ।

(ਸ਼ਾਬਦਿਕ ਅਰਥ — ਸਿਆਣਾ ਨਹੀਂ ਹੋਇਆ)।

- ਤੁਲਨਾ ਕਰੋ: ਗਲਾਤੀਆਂ 4:1-2 ਹੁਣ ਮੈਂ ਆਖਦਾ ਹਾਂ ਭਈ ਅਧਕਾਰੀ ਜਿੰਨਾ ਚਿਰ ਬਾਲਕ ਹੈ ਉਸ ਵਿੱਚ ਅਤੇ ਗੁਲਾਮ ਵਿੱਚ ਕੁਝ ਭਿੰਨ ਭੇਤ ਨਹੀਂ ਭਾਵੇਂ **ਉਹ ਸਭ ਦਾ ਮਾਲਕ ਹੈ।** (2) ਪਰ **ਉਸ ਮਿਆਦ ਤੀਕ ਜੋ ਪਿਤਾ ਨੇ ਪਹਿਲਾਂ ਠਹਿਰਾਈ ਹੈ** ਸਰਬਰਾਹਾਂ ਅਤੇ ਮੁਖਤਿਆਰਾਂ ਦੇ ਮਤਹਿਤ ਹੈ।
  ਤਦ ਹੀ ਉਸ ਨੂੰ ਪੁੱਤਰ ਦੇ ਅਧਿਕਾਰ ਮਿਲਦੇ ਹਨ।
- ਉਹ ਪਰਿਪੱਕਤਾ ਦੀ ਪ੍ਰਕਿਰਿਆ ਦੀ ਗੱਲ ਕਰ ਰਿਹਾ ਹੈ, ਜਿਸ ਦੇ ਦੁਆਰਾ ਨਿਆਣਾ ਸਿੱਖਦਾ ਹੈ, ਆਗਿਆਕਾਰੀ ਕਰਦਾ ਹੈ ਅਤੇ ਆਪਣੇ ਪਿਤਾ ਦੀ ਇੱਛਾ ਪੂਰੀ ਕਰਨਾ ਚਾਹੁੰਦਾ ਹੈ ਅਤੇ ਇੱਕ ਜਿੰਮੇਵਾਰ ਪੁੱਤਰ ਬਣਦਾ ਹੈ।
- ਸਾਡਾ ਉਦਾਹਰਣ ਯਿਸੂ ਹੈ: ਇਬਰਾਨੀਆਂ 5:8 ਉਹ ਭਾਵੇਂ ਪੁੱਤਰ ਸੀ ਪਰ **ਜਿਹੜੇ ਉਹ ਨੇ ਦੁੱਖ ਭੋਗੇ ਉਨ੍ਹਾਂ ਤੋਂ ਆਗਿਆਕਾਰੀ ਸਿੱਖੀ।** ਦੁੱਖਾਂ ਦਾ ਆਪਣਾ ਇੱਕ ਉਦੇਸ਼ ਹੁੰਦਾ ਹੈ — ਭਰੋਸੇ ਅਤੇ ਆਗਿਆਕਾਰੀ ਰਾਹੀਂ ਸਾਨੂੰ ਪਰਿਪੱਕਤਾ ਤੱਕ ਲਿਆਉਣਾ।

- ਇਸਰਾਏਲੀਆਂ ਨੂੰ ਆਪਣੇ ਪਿਤਾ ਦੀ ਆਗਿਆਕਾਰੀ ਕਰਨ, ਪੁੱਤਰ ਬਣਨ ਅਤੇ ਆਪਣੀ ਵਿਰਾਸਤ, ਪ੍ਰਤਿੱਗਿਆ ਕੀਤੇ ਦੇਸ, ਵਿੱਚ ਪ੍ਰਵੇਸ਼ ਕਰਨ ਵਿੱਚ ਚਾਲ੍ਹੀ ਵਰ੍ਹੇ ਲੱਗ ਗਏ।

(14) ਪਰ **ਅੰਨ ਸਿਆਣਿਆਂ** ਲਈ ਹੈ ਜਿਨ੍ਹਾਂ ਦੀਆਂ ਗਿਆਨ ਇੰਦਰੀਆਂ ਭਲੇ ਬੁਰੇ ਦੀ ਜਾਚ ਕਰਨ ਨੂੰ ਅਭਿਆਸ ਨਾਲ ਸਾਧੀਆਂ ਹੋਈਆਂ ਹਨ।

- ਨਿਆਣਿਆਂ ਦਾ ਅਰੰਭ ਦੁੱਧ ਦੇ ਨਾਲ ਹੁੰਦਾ ਹੈ, ਪਰ ਅਕਾਰ, ਬਲ ਅਤੇ ਗਿਆਨ ਵਿੱਚ ਵਧਣ ਲਈ ਉਨ੍ਹਾਂ ਨੂੰ **ਅੰਨ** ਦੀ ਲੋੜ ਪੈਂਦੀ ਹੈ। **ਸਿਆਣਿਆਂ** ਸ਼ਬਦ ਪੁੱਤਰਾਂ ਬਾਰੇ ਗੱਲ ਕਰਦਾ ਹੈ, ਨਿਆਣਿਆਂ ਬਾਰੇ ਨਹੀਂ।

**ਇਬਰਾਨੀਆਂ 6:1** ਇਸ ਕਾਰਨ ਅਸੀਂ ਮਸੀਹ ਦੀ ਸਿੱਖਿਆ ਦੀਆਂ ਆਦ ਗੱਲਾਂ ਛੱਡ ਕੇ ਸਿਆਣਪੁਣੇ ਦੀ ਵੱਲ ਅਗਾਹਾਂ ਵਧਦੇ ਜਾਈਏ ਅਤੇ **ਮੁਰਦਿਆਂ ਕੰਮਾਂ** ਤੋਂ **ਤੋਬਾ ਕਰਨ** ਦੀ ਨੀਂਹ ਮੁੜ ਕੇ ਨਾ ਧਰੀਏ, ਨਾਲੇ ਪਰਮੇਸ਼ਰ ਉੱਤੇ **ਨਿਹਚਾ** ਕਰਨ ਦੀ।

- ਸਵਾਲ ਸਵਰਗ ਜਾਣਾ **ਨਹੀਂ** ਹੈ, ਸਗੋਂ **ਵੱਡੇ ਹੋਣਾ ਹੈ**! **ਪਰਿਪੱਕ ਹੋਣਾ**!

  **ਮੁਰਦਾ ਕੰਮਾਂ, ਕਨੂੰਨਵਾਦ ਅਤੇ ਵਿਸ਼ਵਾਸ ਬਾਰੇ ਹੋਣ ਵਾਲੀ ਬਹਿਸ ਨੂੰ ਛੱਡਣਾ।**

**ਇਬਰਾਨੀਆਂ 6:3** **ਪਰਮੇਸ਼ਰ ਚਾਹੇ** ਤਾਂ ਅਸੀਂ ਇਹੋ ਹੀ ਕਰਾਂਗੇ।

- ਅਸੀਂ **ਸਿਆਣਪੁਣੇ** (ਪੁੱਤਰ ਹੋਣ) ਦੀ ਵੱਲ ਅਗਾਹਾਂ ਵਧਦੇ ਜਾਵਾਂਗੇ **ਜੇਕਰ** ਸਾਡੇ ਪਿਤਾ ਨੇ ਇਸ ਦੀ **ਇਜਾਜ਼ਤ ਦਿੱਤੀ** ਜਿਵੇਂ ਕਿ ਅਸੀਂ ਗਲਾਤੀਆਂ 4:1-2 ਵਿੱਚ ਵੇਖਿਆ (...ਉਸ ਮਿਆਦ ਤੀਕ ਜੋ ਪਿਤਾ ਨੇ ਪਹਿਲਾਂ ਠਹਿਰਾਈ ਹੈ)।

**ਇਬਰਾਨੀਆਂ 6:4** ਕਿਉਂਕਿ ਓਹ ਜਿਹੜੇ ਇੱਕ ਵਾਰੀ **ਉਜਿਆਲੇ ਕੀਤੇ ਗਏ** ਅਤੇ ਸੁਰਗੀ ਦਾਨ ਦਾ **ਸੁਆਦ ਚੱਖਿਆ** ਅਤੇ ਪਵਿੱਤਰ ਆਤਮਾ ਵਿੱਚ **ਸਾਂਝੀ** ਹੋਏ।

- ਇੱਕ ਵਾਰੀ **ਉਜਿਆਲੇ ਕੀਤੇ ਗਏ** ਦਾ ਅਰਥ ਹੈ, ਪ੍ਰਭੂ ਨੇ ਇਹ ਪਰਕਾਸ਼ ਦੇ ਦਿੱਤਾ ਹੈ ਕਿ ਉਹ ਕੌਣ ਹੈ। ਉਵੇਂ ਹੀ ਜਿਵੇਂ ਉਸ ਨੇ ਇੰਮਊਸ ਦੇ ਮਾਰਗ ’ਤੇ ਜਾਂਦਿਆਂ ਦੋ ਜਣਿਆਂ ਦੀਆਂ ਅੱਖਾਂ ਖੋਲ੍ਹੀਆਂ ਸਨ (ਲੂਕਾ 24:1-35)।

  ਅਫ਼ਸੁਸ ਦੇ **ਵਿਸ਼ਵਾਸੀਆਂ** ਨੂੰ ਲਿਖਦਿਆਂ ਪੌਲੁਸ ਨੇ ਆਖਿਆ: 1:18 ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ **ਚਾਨਣ ਹੋਵੇ** ਤਾਂ ਜੋ ਤੁਸੀਂ ਜਾਣ ਲਵੋ...

  ਚਾਨਣ ਜਾਂ ਪਰਕਾਸ਼ ਪ੍ਰਭੂ ਕੋਲੋਂ ਆਉਂਦਾ ਹੈ ਅਤੇ ਇਸ ਦੇ ਲਈ ਪ੍ਰਭੂ ਨੂੰ ਜਾਣਨ ਦੀ ਲੋੜ ਪੈਂਦੀ ਹੈ। ਇਬਰਾਨੀਆਂ 6:4 ਵਿਚਲੇ ਲੋਕ ਚਾਨਣ ਪ੍ਰਾਪਤ ਕਰ ਚੁੱਕੇ ਸਨ।

  ਇਬਰਾਨੀਆਂ 10:32 ਪਰ ਪਹਿਲਿਆਂ ਦਿਨਾਂ ਨੂੰ ਚੇਤੇ ਕਰੋ ਜਦੋਂ ਆਪਣੇ **ਉਜਿਆਲੇ ਕੀਤੇ ਜਾਣ ਦੇ ਪਿੱਛੋਂ** ਤੁਸਾਂ ਦੁੱਖਾਂ ਦੇ ਵੱਡੇ ਘੋਲਮਘੋਲੇ ਨੂੰ ਸਹਿ ਲਿਆ।

  ਉਹ ਬਾਕੀ ਵਿਸ਼ਵਾਸੀਆਂ ਦੀ ਤਰ੍ਹਾਂ ਹੀ ਦੁੱਖ ਝੱਲ ਰਹੇ ਸਨ ਕਿਉਂਕਿ ਉਨ੍ਹਾਂ ਨੇ ਆਪਣੇ ਪੁਰਾਣੇ ਤੌਰ-ਤਰੀਕਿਆਂ ਨੂੰ ਛੱਡ ਦਿੱਤਾ ਸੀ ਅਤੇ ਬਾਕੀ ਲੋਕਾਂ ਵਾਂਗ ਨਹੀਂ ਜੀ ਰਹੇ ਸਨ। (ਯੂਹੰਨਾ 15:18-19; 2 ਤਿਮੋਥਿਉਸ 3:12; 1 ਪਤਰਸ 4:4)

- **ਸੁਰਗੀ ਦਾਨ ਦਾ ਸੁਆਦ ਚੱਖਿਆ** ਪੁਰਾਣੇ ਨੇਮ ਦਾ ਉਦਾਹਰਣ ਪ੍ਰਭੂ ਦਾ ਪ੍ਰਬੰਧ ਹੈ: ਉਜਾੜ ਵਿੱਚ ਮੰਨ (ਕੂਚ 16)। ਅਤੇ ਜਿਵੇਂ ਕਿ ਪੌਲੁਸ ਨੇ 1 ਕੁਰਿੰਥੀਆਂ 10:3-4 ਵਿੱਚ ਆਖਿਆ, **ਸਭਨਾਂ ਨੇ** ਇੱਕੋ ਆਤਮਕ ਭੋਜਨ **ਖਾਧਾ।** (4) ਅਤੇ **ਸਭਨਾਂ ਨੇ ਇੱਕੋ ਆਤਮਕ ਜਲ ਪੀਤਾ** ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ **ਉਹ ਪੱਥਰ ਮਸੀਹ ਹੈਸੀ**।

- **ਪਵਿੱਤਰ ਆਤਮਾ ਵਿੱਚ ਸਾਂਝੀ ਹੋਏ** ਕੇਵਲ ਵਿਸ਼ਵਾਸੀ ਹੀ "ਉਨ੍ਹਾਂ ਅੰਦਰ" ਰਹਿਣ ਵਾਲੇ ਪਵਿੱਤਰ ਆਤਮਾ ਨੂੰ ਪ੍ਰਾਪਤ ਕਰ ਸਕਦੇ ਹਨ। 1 ਕੁਰਿੰਥੀਆਂ 6:19 ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ਰ ਦੀ ਵੱਲੋਂ ਮਿਲੀ ਹੈ।

  ਕੇਵਲ ਵਿਸ਼ਵਾਸੀਆਂ ਨੂੰ ਹੀ "ਉਨ੍ਹਾਂ ਦੇ ਅੰਦਰ" ਪਵਿੱਤਰ ਆਤਮਾ ਮਿਲਿਆ ਹੈ।

**ਇਬਰਾਨੀਆਂ 6:5** ਅਤੇ ਪਰਮੇਸ਼ਰ ਦੇ ਸ਼ੁਭ ਬਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ।

- ਸੁਰਗੀ ਦਾਨ ਦਾ **ਸੁਆਦ ਚੱਖਿਆ**: "**ਸੁਆਦ ਚੱਖਿਆ**" ਦਾ ਸੰਕੇਤ ਵਜੋਂ ਅਰਥ ਹੈ ਅਨੁਭਵ ਕਰਨਾ। "**ਬਚਨ**" ਲਈ ਯੂਨਾਨੀ ਸ਼ਬਦ "ਰੇਮਾ" ਹੈ ਜੋ "ਬੋਲੇ ਗਏ ਸ਼ਬਦ" ਵੱਲ ਇਸ਼ਾਰਾ ਕਰਦਾ ਹੈ। ਪੁਰਾਣੇ ਨੇਮ ਵਿੱਚ ਉਹ ਬੋਲਿਆ ਅਤੇ ਆਪਣੀ ਸੰਤਾਨ ਨੂੰ ਦੱਸਿਆ ਕਿ ਉਹ ਕੀ ਪ੍ਰਬੰਧ ਕਰੇਗਾ ਅਤੇ ਫਿਰ ਉਸ ਨੇ ਅਜਿਹਾ ਹੀ ਕੀਤਾ — ਉਜਾੜ ਵਿੱਚ ਉਨ੍ਹਾਂ ਨੂੰ ਭੋਜਨ ਖੁਆਇਆ ਅਤੇ ਚਟਾਨ ਤੋਂ ਪਾਣੀ ਪਿਆਇਆ। ਉਸ ਦਾ ਬਚਨ ਹਮੇਸ਼ਾ ਚੰਗਾ ਹੁੰਦਾ ਹੈ।

  ਇਬਰਾਨੀਆਂ 1:1-2 ਪਰਮੇਸ਼ਰ ਨੇ ਜਿਨ ਪਿੱਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ **ਗੱਲ ਕੀਤੀ** ਸੀ। (2) ਇਨ੍ਹਾਂ ਦਿਨਾਂ ਦੇ ਅੰਤ ਵਿੱਚ **ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕੀਤੀ** ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ।

  ਯੂਹੰਨਾ 10:27 **ਮੇਰੀਆਂ ਭੇਡਾਂ ਮੇਰੀ ਅਵਾਜ਼ ਸੁਣਦੀਆਂ ਹਨ** ਅਰ ਮੈਂ ਉਨ੍ਹਾਂ ਨੂੰ ਸਿਆਣਦਾ ਹਾਂ ਅਤੇ ਓਹ ਮੇਰੇ ਮਗਰ ਲੱਗੀਆਂ ਆਉਂਦੀਆਂ ਹਨ।

  ਉਹ ਉਨ੍ਹਾਂ ਦੇ ਨਾਲ ਬੋਲਦਾ ਹੈ ਜੋ ਉਸ ਦੇ ਹਨ।

  ਯੂਹੰਨਾ 8:43 ਤੁਸੀਂ ਮੇਰੇ ਬੋਲ ਕਿਉਂ ਨਹੀਂ ਸਮਝਦੇ? ਇਸੇ ਲਈ ਜੋ **ਮੇਰਾ ਬਚਨ ਸੁਣ ਨਹੀਂ ਸੱਕਦੇ**। ਜੋ ਲੋਕ **ਉਸ ਦੇ ਨਹੀਂ ਹਨ**, ਉਸ ਵੱਲੋਂ ਬੋਲੇ ਗਏ ਬਚਨਾਂ ਨੂੰ ਨਹੀਂ **"ਸੁਣਦੇ।"**

  ਉੱਪਰ ਲਿਖੀਆਂ ਦੋ ਆਇਤਾਂ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਉਸ ਦੀ ਸੰਤਾਨ, ਉਸ ਦੇ ਵਿਸ਼ਵਾਸੀ, ਉਸ ਦਿਆਂ ਬਚਨਾਂ ਨੂੰ ਸੁਣਦੇ ਅਤੇ ਉਨ੍ਹਾਂ ਦੀ ਭਰਪੂਰੀ ਦਾ ਅਨੰਦ ਮਾਣਦੇ ਹਨ।

- ਉਹ ਉਨ੍ਹਾਂ ਲੋਕਾਂ ਨੂੰ ਲਿਖ ਰਿਹਾ ਸੀ ਜੋ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਤਜਰਬਾ ਕਰ ਚੁੱਕੇ ਸਨ, ਕਿ ਵਿਸ਼ਵਾਸ ਕਰਨ ਵਾਲਿਆਂ ਦੇ ਲਈ ਉਸ ਦਾ ਰਾਜ ਪੂਰੀ ਸਮਰੱਥਾ ਦੇ ਨਾਲ ਹੁਣ ਅਤੇ ਇੱਥੇ ਹੈ। ਪਰਮੇਸ਼ਰ ਦਾ ਰਾਜ ਤੁਹਾਡੇ ਵਿੱਚੇ ਹੈ (ਲੂਕਾ 17:21)। ਮੈਂ ਤੁਹਾਨੂੰ...ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ (ਲੂਕਾ 10:19)।

**ਇਬਰਾਨੀਆਂ 6:6** ਅਤੇ ਮਗਰੋਂ ਬੇਮੁਖ ਹੋ ਗਏ ਤਾਂ **ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੋਬਾ ਕਰਾਉਣੀ ਅਣਹੋਣੀ ਹੈ**।

- ਇਸ ਆਇਤ ਨੂੰ ਯੂਨਾਨੀ ਵਿੱਚੋਂ ਅਨੁਵਾਦ ਕਰਨਾ ਬਹੁਤ ਔਖਾ ਹੈ। ਇਹ ਸਪਸ਼ਟ ਨਹੀਂ ਹੈ। ਪਰ ਚੇਤੇ ਰੱਖੋ: ਕੋਈ ਬਚਨ ਪਰਮੇਸ਼ਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ (ਲੂਕਾ 1:37)।
- ਇੱਕ ਗੱਲ ਬਹੁਤ ਮਹੱਤਵਪੂਰਣ ਹੈ: "ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ" ਕੀ**?**

  ਧਰਮੀ ਠਹਿਰਾਏ ਜਾਣਾ ਨਹੀਂ! ਮੁਕਤੀ ਨਹੀਂ! ਪਰ **ਤੋਬਾ ਕਰਾਉਣੀ!**

ਲਿਖਾਰੀ ਬਾਰ-ਬਾਰ ਪੁਰਾਣੇ ਨੇਮ ਦੇ ਉਦਾਹਰਣ ਦਿੰਦਾ ਰਹਿੰਦਾ ਹੈ। ਇਹ ਆਖਿਆ ਗਿਆ ਹੈ ਕਿ ਇਬਰਾਨੀਆਂ ਦੀ ਪੱਤਰੀ ਇਬਰਾਨੀਆਂ ਨੂੰ ਇਹ ਸਿਖਾਉਣ ਲਈ ਲਿਖੀ ਗਈ ਹੈ ਕਿ ਉਹ ਇਬਰਾਨੀ ਨਾ ਬਣਨ। ਲਿਖਾਰੀ **ਲਹੂ ਨਾਲ ਛੁਡਾਏ ਗਏ** ਪਰਮੇਸ਼ਰ ਦੇ ਲੋਕਾਂ ਦਾ ਉਦਾਹਰਣ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਉਸ ਨੇ ਬਚਾਇਆ ਅਤੇ ਮਿਸਰ ਤੋਂ ਛੁਡਾ ਲਿਆਇਆ ਸੀ। ਉਨ੍ਹਾਂ ਨੇ ਪਰਮੇਸ਼ਰ ਦੇ ਪ੍ਰਬੰਧ ਅਤੇ ਬਚਾਓ ਦੇ ਇੱਕ ਤੋਂ ਬਾਦ ਇੱਕ ਚਮਤਕਾਰ ਵੇਖੇ। ਪਰ ਫਿਰ ਵੀ ਉਹ ਬਾਰ-ਬਾਰ ਬਲਵਾ ਕਰਦੇ ਰਹੇ ਅਤੇ ਅਣਆਗਿਆਕਾਰੀ ਕਰਦੇ ਰਹੇ।

ਅੰਤਮ ਅਣਆਗਿਆਕਾਰੀ ਉਸ ਦੇਸ ਵਿੱਚ ਪ੍ਰਵੇਸ਼ ਕਰਨ ਤੋਂ ਮਨ੍ਹਾ ਕਰਨਾ ਸੀ, ਜਿਸ ਦੀ ਉਸ ਨੇ ਪ੍ਰਤਿੱਗਿਆ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਦੇਵੇਗਾ। ਉਸ ਦੇਸ ਵਿੱਚ ਗੁਪਤਚਰਾਂ ਨੂੰ ਘੱਲਿਆ ਗਿਆ ਸੀ (ਗਿਣਤੀ 13:2, 21)। ਉਨ੍ਹਾਂ ਨੇ ਉਸ ਦੀ ਚੰਗਿਆਈ, ਉਸ ਦੇ ਫਲਾਂ ਨੂੰ **ਚਖਿਆ** (23, 27)। ਪਰ ਜਦੋਂ ਉਨ੍ਹਾਂ ਨੇ ਦੈਂਤਾਂ ਨੂੰ ਵੇਖਿਆ (31-33), ਉਦੋਂ ਡਰ ਨੇ ਉਨ੍ਹਾਂ ਦੇ ਵਿਸ਼ਵਾਸ ਨੂੰ ਮੁਕਾ ਦਿੱਤਾ। ਉਨ੍ਹਾਂ ਨੇ ਜੋ ਵੇਖਿਆ ਸੀ, ਉਸ ਦੇ ਕਾਰਨ ਉਨ੍ਹਾਂ ਨੇ ਉਸ ਦੇ ਬਚਨ ’ਤੇ ਵਿਸ਼ਵਾਸ ਕਰਨਾ ਛੱਡ ਦਿੱਤਾ (14:1-4) ਅਤੇ **ਪੁੱਤਰਾਂ** ਵਾਂਗ ਆਗਿਆਕਾਰੀ ਕਰਨ ਅਤੇ ਆਪਣੀ ਵਿਰਾਸਤ ’ਤੇ ਅਧਿਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ।

ਗਿਣਤੀ 14:22-23 ਵਿੱਚ ਪ੍ਰਭੂ ਆਖਦਾ ਹੈ: ਫੇਰ ਵੀ ਓਹ ਸਾਰੇ ਮਨੁੱਖ ਜਿਨ੍ਹਾਂ ਨੇ ਮੇਰੇ ਪਰਤਾਪ ਨੂੰ ਅਤੇ ਮੇਰੇ ਨਿਸ਼ਾਨਾਂ ਨੂੰ ਜਿਹੜੇ ਮੈਂ ਮਿਸਰ ਵਿੱਚ ਅਤੇ ਉਜਾੜ ਵਿੱਚ ਕੀਤੇ **ਮੈਨੂੰ ਹੁਣ ਤੀਕ ਦਸ ਵਾਰ ਪਰਤਾਇਆ** ਅਤੇ **ਮੇਰੀ ਅਵਾਜ਼ ਨਹੀਂ ਸੁਣੀ।** (23) **ਓਹ ਉੱਕਾ ਹੀ ਉਸ ਧਰਤੀ ਨੂੰ ਨਾ ਵੇਖਣਗੇ** ਜਿਹ ਦੀ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਸੀ ਅਤੇ ਨਾ ਹੀ ਓਹ ਸਾਰੇ ਜਿਨ੍ਹਾਂ ਮੇਰੀ ਹਾਨੀ ਕੀਤੀ ਉਹ ਨੂੰ ਵੇਖਣਗੇ।

- ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਜੋ **ਆਖਿਆ** ਸੀ, ਉਸ ਦੀ ਉਨ੍ਹਾਂ ਨੇ ਪੁੱਤਰਾਂ ਵਾਂਗ ਆਗਿਆਕਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਸ ’ਤੇ ਵਿਸ਼ਵਾਸ ਕਰ ਲਿਆ ਜੋ ਉਨ੍ਹਾਂ ਦੀਆਂ ਅੱਖਾਂ ਨੇ **ਵੇਖਿਆ** ਸੀ। ਇਸ ਕਰਕੇ ਉਸ ਨੇ ਉਨ੍ਹਾਂ ਨੂੰ **ਤਾੜਨਾ ਦਿੱਤੀ** ਅਤੇ ਉਹ **ਨਿਆਣੇ ਹੀ** ਬਣੇ ਰਹੇ।
- ਅੱਜ ਵੀ ਵਿਸ਼ਵਾਸੀ **ਨਿਆਣੇ ਬਣੇ** ਰਹਿੰਦੇ ਹਨ, ਪ੍ਰਭੂ ਦੀ ਪ੍ਰੀਖਿਆ ਲੈਂਦੇ ਰਹਿੰਦੇ ਹਨ, ਆਪਣੇ ਪਿਤਾ ਦੀ ਸੰਗਤੀ ਦਾ, ਬਰਕਤਾਂ ਦਾ ਅਤੇ **ਪੁੱਤਰ** ਹੋਣ ਦੇ ਅਧਿਕਾਰਾਂ ਦਾ ਅਨੰਦ ਨਹੀਂ ਮਾਣਦੇ।

ਗਿਣਤੀ 14:39-45 ਤਾਂ ਮੂਸਾ ਨੇ ਸਾਰੇ ਇਸਰਾਏਲੀਆਂ ਨੂੰ ਏਹ ਗੱਲਾਂ ਦੱਸੀਆਂ ਅਤੇ ਪਰਜਾ ਨੇ **ਵੱਡਾ ਵਿਰਲਾਪ ਕੀਤਾ**। (40) ਤਾਂ ਓਹ ਸਵੇਰੇ ਹੀ ਉੱਠ ਕੇ ਪਹਾੜ ਦੀ ਟੀਸੀ ਉੱਤੇ ਏਹ ਕਹਿ ਕੇ ਗਏ ਭਈ ਵੇਖੋ, ਅਸੀਂ ਹੀ ਉਸ ਥਾਂ ਨੂੰ ਉਤਾਹਾਂ ਜਾਵਾਂਗੇ ਜਿਹ ਦੇ ਲਈ ਯਹੋਵਾਹ ਨੇ ਫ਼ਰਮਾਇਆ ਹੈ ਕਿਉਂ ਜੋ **ਅਸਾਂ ਪਾਪ ਕੀਤਾ ਹੈ**। **(ਉਨ੍ਹਾਂ ਨੇ ਇਕਰਾਰ ਕੀਤਾ, ਆਪਣੇ ਮਨਾਂ ਨੂੰ ਬਦਲਿਆ, ਤੋਬਾ ਕੀਤੀ, ਪਰ ਤਦ ਤੱਕ ਬਹੁਤ ਦੇਰ ਹੋ ਚੁੱਕੀ ਸੀ। ਪ੍ਰਭੂ ਨੇ ਇਸ ਸਭ ਨੂੰ ਸਵੀਕਾਰ ਨਹੀਂ ਕੀਤਾ)** (41) ਪਰ ਮੂਸਾ ਨੇ ਆਖਿਆ, ਤੁਸੀਂ ਯਹੋਵਾਹ ਦੇ ਹੁਕਮ ਦਾ ਉਲੰਘਣ ਕਿਉਂ ਕਰਦੇ ਹੋ? ਕਿਉਂ ਜੋ **ਏਹ ਸੁਫ਼ਲ ਨਹੀਂ ਹੋਵੇਗਾ**। (42) ਤੁਸੀਂ ਉਤਾਹਾਂ ਨਾ ਜਾਓ **ਕਿਉਂ ਜੋ** **(ਤੁਹਾਨੂੰ ਜਿੱਤ ਦੇਣ ਲਈ, ਪ੍ਰਤਿੱਗਿਆ ਦੇਣ ਲਈ)** **ਯਹੋਵਾਹ ਤੁਹਾਡੇ ਵਿਚਕਾਰ ਨਹੀਂ ਹੈ** ਮਤੇ ਤੁਸੀਂ ਆਪਣੇ ਵੈਰੀਆਂ ਦੇ ਅੱਗੇ ਭਾਂਜ ਖਾ ਜਾਓ। (43) ਨਾਲੇ ਅਮਾਲੇਕੀ ਅਰ ਕਨਾਨੀ ਉੱਥੇ ਤੁਹਾਡੇ ਸਾਹਮਣੇ ਹਨ ਅਤੇ ਤੁਸੀਂ ਤੇਗ ਨਾਲ ਡਿੱਗ ਪਓਗੇ। ਏਸ ਲਈ ਕਿ ਤੁਸੀਂ ਯਹੋਵਾਹ ਦੇ ਪਿੱਛੇ ਚੱਲਣ ਤੋਂ ਫਿਰ ਗਏ **(ਇਹ ਉਹੀ ਬੇਮੁੱਖ ਹੋਣਾ ਹੈ ਜਿਸ ਦਾ ਜ਼ਿਕਰ ਇਬਰਾਨੀਆਂ 6:6 ਵਿੱਚ ਕੀਤਾ ਗਿਆ ਹੈ)** ਯਹੋਵਾਹ ਤੁਹਾਡੇ ਸੰਗ ਨਹੀਂ ਹੋਵੇਗਾ। (44) ਪਰੰਤੂ ਓਹ ਹਠ ਧਰਮੀ ਨਾਲ ਪਹਾੜ ਦੀ ਟੀਸੀ ਉੱਤੇ ਚੜ੍ਹ ਗਏ ਪਰ ਯਹੋਵਾਹ ਦੇ ਨੇਮ ਦਾ ਸੰਦੂਕ ਅਤੇ ਮੂਸਾ ਡੇਰੇ ਦੇ ਵਿੱਚੋਂ ਨਾ ਗਏ। (45) ਤਾਂ ਅਮਾਲੇਕੀ ਅਤੇ ਕਨਾਨੀ ਜਿਹੜੇ ਉਸ ਪਹਾੜ ਉੱਤੇ ਵੱਸਦੇ ਸਨ ਹੇਠਾਂ ਆਏ ਅਤੇ ਉਨ੍ਹਾਂ ਨੂੰ ਮਾਰਿਆ ਅਤੇ ਉਨ੍ਹਾਂ ਨੂੰ ਹਾਰਮਾਹ ਤੀਕ ਵੱਢਦੇ ਗਏ।

ਉਹ ਉਸ ਦੇ ਬਚਨ ’ਤੇ ਭਰੋਸਾ ਕਰਨ ਅਤੇ ਉਸ ਦੀ ਆਗਿਆਕਾਰੀ ਕਰਨ ਤੋਂ ਬੇਮੁੱਖ ਹੋ ਗਏ, ਜੋ ਉਨ੍ਹਾਂ ਨੂੰ ਇਹ ਦੱਸ ਸਕਦਾ ਸੀ ਕਿ ਉਹ ਆਪਣੀ ਦੁਨਿਆਵੀ ਵਿਰਾਸਤ ’ਤੇ ਕਿਵੇਂ ਜਿੱਤ ਹਾਸਨ ਕਰ ਅਤੇ ਅਧਿਕਾਰ ਕਰਨ। ਅਤੇ ਇਸ ਦੇ ਨਤੀਜੇ ਉਨ੍ਹਾਂ ਨੂੰ ਭੁਗਤਣੇ ਪਏ — ਉਜਾੜ ਵਿੱਚ ਬਤੀਤ ਹੋਇਆ ਬਾਕੀ ਦਾ ਜੀਵਨ। ਇਹ ਬਹੁਤ ਵਾਰੀ ਬਲਵਾ ਕਰਨ ਤੋਂ ਬਾਦ ਹੋਇਆ ਅਤੇ ਪਰਮੇਸ਼ਰ ਨੇ ਉਨ੍ਹਾਂ ਦੀ ਤੋਬਾ ਨੂੰ ਸਵੀਕਾਰ ਨਹੀਂ ਕੀਤਾ!

ਲਗਾਤਾਰ ਅਣਆਗਿਆਕਾਰੀ ਕਰਦੇ ਰਹਿਣ ਦੇ ਕਾਰਨ ਉਨ੍ਹਾਂ ਉੱਤੇ ਸਖਤ ਤਾੜਨਾ ਪਈ।

ਕਹਾਉਤਾਂ 13:24 ਪਰ ਜਿਹੜਾ ਉਸ ਦੇ ਨਾਲ ਪਿਆਰ ਕਰਦਾ ਹੈ ਉਹ ਵੇਲੇ ਸਿਰ ਉਸ ਨੂੰ ਤਾੜਦਾ ਹੈ।
ਇਬਰਾਨੀਆਂ 12:6 ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ
ਇਬਰਾਨੀਆਂ 12:10 ਇਹ ਲਾਭ ਦੇ ਲਈ ਕਰਦਾ ਹੈ।

ਜੇਕਰ ਤਾੜਨਾ ਨਾ ਹੁੰਦੀ ਤਾਂ ਅਗਲੀ ਪੀੜ੍ਹੀ, ਉਨ੍ਹਾਂ ਦੇ ਬੱਚੇ, ਵੀ ਉਨ੍ਹਾਂ ਦੇ ਮਾਪਿਆਂ ਵਾਂਗ ਬਣ ਜਾਂਦੇ। ਚਾਲ੍ਹੀ ਵਰ੍ਹਿਆਂ ਤੱਕ ਉਜਾੜ ਵਿੱਚ ਤੰਗੀ ਝੱਲਣ ਮਗਰੋਂ ਉਨ੍ਹਾਂ ਦੇ ਬੱਚਿਆਂ ਨੇ ਉਹ ਆਗਿਆਕਾਰੀ ਸਿੱਖੀ ਜਿਸ ਨੇ ਉਨ੍ਹਾਂ ਦੇ ਜੀਵਨ ਨੂੰ ਬਿਹਤਰ ਬਣਾ ਦਿੱਤਾ ਅਤੇ ਬਾਦ ਵਿੱਚ ਉਹ ਪ੍ਰਤਿੱਗਿਆ ਦੇ ਦੇਸ ਵਿੱਚ ਪ੍ਰਵੇਸ਼ ਕਰ ਸਕੇ ਅਤੇ ਨਤੀਜੇ ਵਜੋਂ ਪੁੱਤਰਾਂ ਵਾਂਗ ਉੱਥੇ ਦੀਆਂ ਬਰਕਤਾਂ ਅਤੇ ਪ੍ਰਬੰਧਾਂ ਦਾ ਅਨੰਦ ਮਾਣ ਸਕੇ।

- ਪ੍ਰਤਿੱਗਿਆ ਦਾ ਦੇਸ ਪਰਮੇਸ਼ਰ ਦੇ ਰਾਜ ਦਾ ਪ੍ਰਤੀਕ ਹੈ।

ਇਹ ਸਾਡੇ ਲਈ ਇੱਕ ਚਿਤਾਉਣੀ ਹੈ। 1 ਕੁਰਿੰਥੀਆਂ 10:6-13 ਅਤੇ **ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ** ਭਈ **ਅਸੀਂ** ਮਾੜੀਆਂ ਗੱਲਾਂ ਦੀਆਂ **ਕਾਮਨਾਂ ਨਾ ਕਰੀਏ** ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ। (7) ਅਤੇ ਨਾ ਤੁਸੀਂ ਮੂਰਤੀ ਪੂਜਕ ਹੋਵੋ... (8) ਅਤੇ ਨਾ ਅਸੀਂ ਹਰਾਮਕਾਰੀ ਕਰੀਏ... (9) ਅਤੇ ਨਾ ਅਸੀਂ ਪ੍ਰਭੂ ਨੂੰ ਪਰਤਾਈਏ... (10) ਅਤੇ ਨਾ ਤੁਸੀਂ ਬੁੜ ਬੁੜ ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ... (11) ਸੋ ਏਹ ਗੱਲਾਂ ਓਹਨਾਂ ਉੱਤੇ **ਨਸੀਹਤ ਦੇ ਲਈ** ਹੋਈਆਂ ਅਤੇ ਸਾਨੂੰ ਮੱਤ ਦੇਣ ਲਈ **ਲਿਖੀਆਂ ਹੋਈਆਂ ਹਨ** ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।

ਲਗਾਤਾਰ ਅਣਆਗਿਆਕਾਰੀ ਕਰਦੇ ਰਹਿਣ ਨਾਲ, ਉਸ ਦੇ ਵਚਨ ਦੀ ਆਗਿਆਕਾਰੀ ਨਾ ਕਰਨ ਨਾਲ, ਅਜਿਹਾ ਸਮਾਂ ਵੀ ਆ ਸਕਦਾ ਹੈ ਕਿ ਉਹ ਸਾਡੀ ਤੋਬਾ ਨੂੰ ਸਵੀਕਾਰ ਨਾ ਕਰੇ। ਅਤੇ ਤੁਸੀਂ ਬੱਚੇ ਹੀ ਬਣੇ ਰਹੋ ਅਤੇ ਇਸ ਧਰਤੀ ਉੱਤੇ ਉਸ ਦੇ ਰਾਜ ਵਿੱਚ ਉਨ੍ਹਾਂ ਬਰਕਤਾਂ ਅਤੇ ਅਧਿਕਾਰਾਂ ਦਾ ਪੂਰਾ ਅਨੰਦ ਨਾ ਮਾਣ ਸਕੋ ਜੋ ਉਹ ਕੇਵਲ ਪਰਿਪੱਕ ਲੋਕਾਂ ਨੂੰ ਹੀ ਦੇ ਸਕਦਾ ਹੈ।

2 ਤਿਮੋਥਿਉਸ 2:24-26 ਜਿਹੜੇ ਸਾਹਮਣਾ ਕਰਦੇ ਹਨ ਓਹਨਾਂ ਨੂੰ ਨਰਮਾਈ ਨਾਲ ਤਾੜਨਾ ਕਰੇ ਭਈ **ਕੀ ਜਾਣੀਏ ਜੋ ਪਰਮੇਸ਼ਰ ਓਹਨਾਂ ਨੂੰ ਤੋਬਾ ਕਰਨੀ ਬਖ਼ਸ਼ੇ**

- ਸਦੀਪਕ ਜੀਵਨ? – ਹਾਂ! ਉਸ ਦੇ ਨੇਮ ਦੇ ਲਹੂ ਦੁਆਰਾ।

- ਇਸ ਧਰਤੀ ਉੱਤੇ ਬਰਕਤਾਂ ਭਰਿਆ ਜੀਵਨ? – ਸਾਡੀ ਆਗਿਆਕਾਰੀ ਉੱਤੇ ਨਿਰਭਰ ਕਰਦਾ ਹੈ।

ਗਿਣਤੀ 14:30-33 ਤੁਸੀਂ ਉੱਕਾ ਹੀ ਏਸ ਦੇਸ ਵਿੱਚ ਨਾ ਵੜੋਗੇ ਜਿਹ ਦੀ ਮੈਂ ਸੌਂਹ ਖਾਧੀ ਸੀ ਭਈ ਮੈਂ ਤੁਹਾਨੂੰ ਉਸ ਵਿੱਚ ਵਸਾਵਾਂਗਾ, ਯਫੁੰਨਹ ਦੇ ਪੁੱਤਰ ਕਾਲੇਬ ਅਤੇ ਨੂਨ ਦੇ ਪੁੱਤਰ ਯਹੋਸ਼ੁਆ ਤੋਂ ਛੁੱਟ, (31) ਪਰ **ਤੁਹਾਡੇ ਨਿਆਣੇ** ਜਿਨ੍ਹਾਂ ਵਿਖੇ ਤੁਸਾਂ ਆਖਿਆ ਸੀ ਕਿ ਓਹ ਲੁੱਟ ਦਾ ਮਾਲ ਹੋਣਗੇ **ਉਨ੍ਹਾਂ ਨੂੰ ਮੈਂ ਅੰਦਰ ਲਿਆਵਾਂਗਾ** ਅਤੇ ਓਹ ਏਸ ਧਰਤੀ ਨੂੰ ਸਿਆਨਣਗੇ ਜਿਹ ਨੂੰ ਤੁਸਾਂ **ਰੱਦਿਆ ਹੈ**। (32) ਪਰ ਤੁਹਾਡੀਆਂ ਲੋਥਾਂ ਏਸ ਉਜਾੜ ਵਿੱਚ ਡਿੱਗ ਪੈਣਗੀਆਂ, ਏਹ ਤੁਹਾਡੇ ਲਈ ਹੈ! (33) **ਤੁਹਾਡੇ ਪੁੱਤਰ** ਉਜਾੜ ਵਿੱਚ ਚਾਲੀਆਂ ਵਰਿਹਾਂ ਤੀਕ ਅਯਾਲੀ ਹੋਣਗੇ ਅਤੇ **ਤੁਹਾਡੇ ਛਨਾਲੇ ਦੀ ਸਜ਼ਾ ਚੁੱਕਣਗੇ** ਜਦ ਤੀਕ ਤੁਹਾਡੀਆਂ ਲੋਥਾਂ ਉਜਾੜ ਵਿੱਚ ਗਲ ਸੜ ਨਾ ਜਾਣ।

ਉਹ ਉਜਾੜ ਵਿੱਚ ਮਾਰੇ ਹਏ। ਉਹ ਮਿਸਰ ਵਾਪਿਸ ਨਹੀਂ ਜਾ ਸਕਦੇ ਸਨ ਕਿਉਂਕਿ **ਉਹ ਪ੍ਰਭੂ ਦੇ ਸਨ**! ਉਹ ਲਹੂ ਨਾਲ ਖਰੀਦੇ ਗਏ ਉਸ ਦੇ ਬੱਚੇ ਸਨ।

.......................................................................................................................................

**ਇਬਰਾਨੀਆਂ 6:6** ਇਸ ਲਈ ਜੋ ਓਹ ਪਰਮੇਸ਼ਰ ਦੇ ਪੁੱਤਰ ਨੂੰ **ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ** ਅਤੇ ਸਰੀਹਨ **ਬੇਪਤ ਕਰਦੇ** ਹਨ।

ਲਿਖਾਰੀ ਫਿਰ ਤੋਂ ਪੁਰਾਣੇ ਨੇਮ ਦੇ ਉਦਾਹਰਣ ਦਾ ਹਵਾਲਾ ਦਿੰਦਾ ਹੈ ਤਾਂ ਜੋ ਜਿਨ੍ਹਾਂ ਨੂੰ ਉਹ ਲਿਖ ਰਿਹਾ ਸੀ, ਉਹ ਸਮਝ ਸਕਣ।

**ਮੂਸਾ ਦਾ ਉਦਾਹਰਣ**: ਕੂਚ 17:2-7 ਤਾਂ ਪਰਜਾ ਮੂਸਾ ਨੂੰ ਘੁਰਕਣ ਲੱਗੀ ਅਰ ਆਖਿਆ, ਸਾਨੂੰ ਪੀਣ ਨੂੰ ਪਾਣੀ ਦੇਹ। ਮੂਸਾ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਮੈਨੂੰ ਕਿਉਂ ਘੁਰਕਦੇ ਹੋ ਅਤੇ **ਯਹੋਵਾਹ ਨੂੰ ਕਿਉਂ ਪਰਤਾਉਂਦੇ ਹੋ?** (3) ਉੱਥੇ ਪਰਜਾ ਪਾਣੀ ਦੀ ਤਿਹਾਈ ਸੀ ਅਤੇ ਮੂਸਾ ਨਾਲ ਏਹ ਆਖ ਕੇ ਕੁੜ੍ਹਦੀ ਸੀ ਭਈ ਏਹ ਕੀ ਹੈ ਜੋ ਤੂੰ ਸਾਨੂੰ ਮਿਸਰ ਤੋਂ ਲਿਆਇਆ ਹੈਂ ਕਿ ਸਾਨੂੰ ਅਰ ਸਾਡੇ ਪੁੱਤਰਾਂ ਅਰ ਸਾਡੇ ਵੱਗਾਂ ਨੂੰ ਏਥੇ ਤਿਹਾਇਆ ਮਾਰੇਂ? (4) ਤਾਂ ਮੂਸਾ ਨੇ ਯਹੋਵਾਹ ਨੂੰ ਉੱਚੀ ਦਿੱਤੀ ਪੁਕਾਰ ਕੇ ਆਖਿਆ, ਮੈਂ ਇਨ੍ਹਾਂ ਲੋਕਾਂ ਨਾਲ ਕੀ ਕਰਾਂ? ਏਹ ਤਾਂ ਮੈਨੂੰ ਥੋੜੇ ਚਿਰਾਂ ਤੀਕ ਵੱਟੇ ਮਾਰਨਗੇ। (5) ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਪਰਜਾ ਦੇ ਅੱਗੋਂ ਦੀ ਲੰਘ ਅਰ ਆਪਣੇ ਸੰਗ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਲੈ ਤੇ **ਆਪਣੇ ਢਾਂਗੇ ਨੂੰ ਜਿਹੜਾ ਤੈਂ ਦਰਿਆ ਉੱਤੇ ਮਾਰਿਆ ਸੀ** ਆਪਣੇ ਹੱਥ ਵਿੱਚ ਲੈ ਅਰ ਚੱਲ ਦੇਹ। (6) ਵੇਖ ਮੈਂ ਤੇਰੇ ਅੱਗੇ ਹੋਰੇਬ ਦੀ ਚਟਾਨ ਉੱਤੇ ਖੜਾ ਹੋਵਾਂਗਾ ਅਰ **ਤੂੰ ਚਟਾਨ ਨੂੰ ਮਾਰੀਂ** ਤਾਂ ਉਸ ਵਿੱਚੋਂ ਪਾਣੀ ਨਿੱਕਲੇਗਾ ਤਾਂ ਜੋ ਪਰਜਾ ਪੀਵੇ। ਤਾਂ ਮੂਸਾ ਨੇ ਇਸਰਾਏਲ ਦੇ ਬਜ਼ੁਰਗਾਂ ਦੇ ਸਨਮੁਖ ਤਿਵੇਂ ਹੀ ਕੀਤਾ। (7) ਅਰ ਉਸ ਨੇ ਉਸ ਥਾਂ ਦਾ ਨਾਉਂ ਮੱਸਾਹ ਅਰ ਮਰੀਬਾਹ ਇਸਰਾਏਲ ਦੇ ਘੁਰਕਣ ਦੇ ਕਾਰਨ ਅਰ **ਯਹੋਵਾਹ ਦੇ ਪਰਤਾਵੇ ਦੇ ਕਾਰਨ** ਏਹ ਆਖਦੇ ਹੋਏ ਰੱਖਿਆ ਭਈ ਯਹੋਵਾਹ ਸਾਡੇ ਵਿਚਕਾਰ ਹੈ ਕਿ ਨਹੀਂ?

ਇਹ ਯਿਸੂ ਮਸੀਹ ਦੀ **ਸਲੀਬੀ ਮੌਤ** ਦੀ ਤਸਵੀਰ ਹੈ। ਮੂਸਾ ਦਾ ਢਾਂਗਾ ਅਰਥਾਤ ਲਾਠੀ **ਨਿਆਂ ਦੀ ਲਾਠੀ** ਦਾ ਪ੍ਰਤੀਕ ਸੀ ਜਿਸ ਨੇ ਮਿਸਰੀਆਂ ਦੇ ਪਾਪਾਂ ਲਈ ਉਨ੍ਹਾਂ ਦਾ ਨਿਆਂ ਕੀਤਾ ਸੀ ਅਤੇ ਹੁਣ "ਚਟਾਨ," ਯਿਸੂ ਮਸੀਹ, ਉੱਤੇ ਮਾਰਨ ਦੁਆਰਾ, ਜਿਸ ਨੇ ਸਾਡੇ ਨਿਆਂ ਨੂੰ ਆਪਣੇ ਉੱਤੇ ਲੈ ਲਿਆ (ਰੋਮੀਆਂ 8:2-3), ਪਾਣੀ (ਜੋ ਜੀਵਨ ਦੇ ਆਤਮਾ ਦਾ ਪ੍ਰਤੀਕ ਹੈ) ਉਸ ਵਿੱਚੋਂ ਨਿਕਲਿਆ ਤਾਂ ਜੋ ਉਸ ਦੇ ਲੋਕ ਪੀ ਸਕਣ।

> 1 ਕੁਰਿੰਥੀਆਂ 10:4 ਅਤੇ ਸਭਨਾਂ ਨੇ ਇੱਕੋ **ਆਤਮਕ ਜਲ** ਪੀਤਾ ਕਿਉਂ ਜੋ ਓਹਨਾਂ ਨੇ ਉਸ **ਆਤਮਕ ਪੱਥਰ** ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ **ਉਹ ਪੱਥਰ ਮਸੀਹ ਹੈਸੀ।**

ਯੂਹੰਨਾ 4:14 ਪਰ ਜੋ ਕੋਈ ਮੇਰਾ ਦਿੱਤਾ ਹੋਇਆ **ਜਲ** ਪੀਏਗਾ ਸੋ ਸਦੀਪਕਾਲ ਤੀਕੁ ਕਦੇ ਤਿਹਾਇਆ ਨਾ ਹੋਵੇਗਾ ਬਲਕਿ ਉਹ ਜਲ ਜੋ ਮੈਂ ਉਹ ਨੂੰ ਦਿਆਂਗਾ ਉਹ ਦੇ ਵਿੱਚ ਜਲ ਦਾ ਇੱਕ ਸੋਮਾ ਬਣ ਜਾਵੇਗਾ ਜੋ **ਅਨੰਤ ਜੀਉਣ ਤੀਕੁਰ** ਉੱਛਲਦਾ ਰਹੇਗਾ।

ਉਜਾੜ ਵਿੱਚ ਕੁਝ ਸਮੇਂ ਬਾਦ ਫਿਰ ਪਾਣੀ ਦੀ ਲੋੜ ਪਈ:

ਗਿਣਤੀ 20:2-13 ਉੱਥੇ ਮੰਡਲੀ ਲਈ ਪਾਣੀ ਨਹੀਂ ਸੀ ਤਾਂ ਉਹ ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ ਇਕੱਠੀ ਹੋਈ। (3) ਅਤੇ ਪਰਜਾ ਮੂਸਾ ਨਾਲ ਝਗੜਨ ਲੱਗੀ ਅਤੇ ਉਨ੍ਹਾਂ ਨੇ ਆਖਿਆ, ਭਲਾ ਹੁੰਦਾ ਜੇ ਅਸੀਂ ਪ੍ਰਾਣ ਤਿਆਗ ਦਿੰਦੇ ਜਦ ਸਾਡੇ ਭਰਾਵਾਂ ਨੇ ਯਹੋਵਾਹ ਅੱਗੇ ਪ੍ਰਾਣ ਤਿਆਗੇ ਸਨ! (4) ਤੁਸੀਂ ਯਹੋਵਾਹ ਦੀ ਸਭਾ ਨੂੰ ਕਾਹਨੂੰ ਏਸ ਉਜਾੜ ਵਿੱਚ ਲੈ ਆਏ ਹੋ ਕਿ ਅਸੀਂ ਅਤੇ ਸਾਡੇ ਪਸੂ ਏਥੇ ਮਰੀਏ? (5) ਤੁਸੀਂ ਕਾਹਨੂੰ ਸਾਨੂੰ ਮਿਸਰ ਤੋਂ ਉਤਾਹਾਂ ਲਿਆਏ? ਤੁਸਾਂ ਸਾਨੂੰ ਏਸ ਬੁਰੇ ਥਾਂ ਵਿੱਚ ਲਿਆਂਦਾ ਜਿੱਥੇ ਨਾ ਬੀ, ਨਾ ਹਜੀਰ, ਨਾ ਦਾਖ ਦੀ ਬੇਲ, ਨਾ ਅਨਾਰ, ਅਤੇ ਨਾ ਪੀਣ ਲਈ ਪਾਣੀ ਹੈ। (6) ਤਾਂ ਮੂਸਾ ਅਤੇ ਹਾਰੂਨ ਸਭਾ ਦੇ ਅੱਗੋਂ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਜਾ ਕੇ ਮੂੰਹਾਂ ਭਾਰ ਡਿੱਗੇ ਤਾਂ ਯਹੋਵਾਹ ਦਾ ਪਰਤਾਪ ਉਨ੍ਹਾਂ ਉੱਤੇ ਪਰਗਟ ਹੋਇਆ। (7) ਯਹੋਵਾਹ ਮੂਸਾ ਨੂੰ ਬੋਲਿਆ, (8) ਢਾਂਗਾ ਲੈ ਕੇ ਮੰਡਲੀ ਨੂੰ ਇਕੱਠਾ ਕਰ, ਤੂੰ ਅਤੇ ਤੇਰਾ ਭਰਾ ਹਾਰੂਨ ਅਤੇ ਤੁਸੀਂ ਉਨ੍ਹਾਂ ਦੇ ਵੇਖਦਿਆਂ **ਪੱਥਰੇਲੀ ਢਿੱਗ ਨੂੰ ਬੋਲੋ** (ਪੱਥਰੇਲੀ ਢਿੱਗ ਦਾ ਅਰਥ ਹੈ ਉੱਚਾ ਥਾਂ) ਕਿ ਉਹ ਆਪਣਾ ਪਾਣੀ ਦੇਵੇ ਅਤੇ ਤੂੰ ਉਨ੍ਹਾਂ ਲਈ ਢਿੱਗ ਤੋਂ ਪਾਣੀ ਕੱਢੇਂਗਾ। ਇਉਂ ਤੂੰ ਏਸ ਮੰਡਲੀ ਨੂੰ ਅਤੇ ਉਨ੍ਹਾਂ ਦੇ ਪਸੂਆਂ ਨੂੰ ਪਿਲਾਵੇਂਗਾ। (9) **ਉਪਰੰਤ ਮੂਸਾ ਨੇ ਯਹੋਵਾਹ ਦੇ ਅੱਗੋਂ ਢਾਂਗਾ ਲਿਆ** ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ।

- ਮੂਸਾ ਦਾ ਢਾਂਗਾ ਨਹੀਂ, ਪਰ ਹਾਰੂਨ ਦੀ ਲਾਠੀ (ਗਿਣਤੀ 17:10), ਜੋ ਮਧਿਅਸਥੀ ਦੀ ਪ੍ਰਾਰਥਨਾ ਕਰਨ ਲਈ ਜਾਜਕਾਂ ਦੀ ਲਾਠੀ ਸੀ। ਨਿਆਂ ਦੀ ਲਾਠੀ ਨਹੀਂ।

(10) ਅਤੇ ਮੂਸਾ ਅਰ ਹਾਰੂਨ ਨੇ ਸਭਾ ਨੂੰ ਉਸ ਢਿੱਗ ਦੇ ਅੱਗੇ ਇਕੱਠਾ ਕੀਤਾ ਅਤੇ ਉਸ ਨੇ ਉਨ੍ਹਾਂ ਨੂੰ ਆਖਿਆ, ਸੁਣੋ ਤੁਸੀਂ ਝਗੜਾਲੂਓ, ਕੀ ਅਸੀਂ ਤੁਹਾਡੇ ਲਈ ਏਸ ਢਿੱਗ ਤੋਂ ਪਾਣੀ ਕੱਢੀਏ? (11) ਫੇਰ **ਮੂਸਾ ਨੇ ਆਪਣਾ ਹੱਥ ਚੁੱਕ ਕੇ ਉਸ ਢਿੱਗ ਨੂੰ ਆਪਣੇ ਢਾਂਗੇ ਨਾਲ ਦੋ ਵਾਰ ਮਾਰਿਆ**;

- ਕ੍ਰੋਧ ਵਿੱਚ ਮੂਸਾ ਨੇ ਅਣਆਗਿਆਕਾਰੀ ਕੀਤੀ ਅਤੇ ਇੱਕ ਤਰ੍ਹਾਂ ਨਾਲ, ***"ਪਰਮੇਸ਼ਰ ਦੇ ਪੁੱਤਰ ਨੂੰ ਮੁੜ ਸਲੀਬ 'ਤੇ ਚਾੜ੍ਹਿਆ।"*** ਨਿਆਂ ਦੇ ਢਾਂਗੇ (ਸਲੀਬ) ਨਾਲ ਸਾਡੀ ਮਾਫੀ, ਪੁਰਨਮੇਲ ਅਤੇ ਧਰਮੀ ਠਹਿਰਾਏ ਜਾਣ ਲਈ ਚਟਾਨ ਨੂੰ ਮਾਰਿਆ ਜਾ ਚੁੱਕਾ ਸੀ, ਜਿਸ ਤੋਂ ਸਾਨੂੰ ਸਦੀਪਕ ਜੀਵਨ ਮਿਲਿਆ ਸੀ। ਇੱਕ ਉੱਚੇ ਥਾਂ 'ਤੇ ਚੁੱਕੇ ਜਾ ਕੇ, ਹੁਣ ਜੋ ਲੋੜੀਂਦਾ ਸੀ (ਅਤੇ ਹੈ), ਕੇਵਲ ਇਹ ਕਿ ਉਸ ਚਟਾਨ ਨੂੰ ਬੋਲਿਆ ਜਾਵੇ। ਇਹ ਇੱਕ ਹੋਰ ਗੱਲ ਸਿਖਾਉਣ ਦਾ ਥਾਂ ਸੀ, ਪਰ ਮੂਸਾ ਨੇ ਅਣਆਗਿਆਕਾਰੀ ਕਰ ਦਿੱਤੀ।

ਪਰ ਫਿਰ ਵੀ: ਬਹੁਤ ਪਾਣੀ ਨਿੱਕਲ ਆਇਆ, ਫੇਰ ਮੰਡਲੀ ਅਤੇ ਉਨ੍ਹਾਂ ਦੇ ਪਸੂਆਂ ਨੇ ਪੀਤਾ। ਪ੍ਰਭੂ ਦਯਾਲੂ ਅਤੇ ਕਿਰਪਾਲੂ ਹੈ (ਜ਼ਬੂਰਾਂ 86:15)।

- ਯੂਹੰਨਾ 7:37-39 ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸੂ ਖੜਾ ਹੋਇਆ ਅਤੇ ਇਹ ਕਹਿ ਕੇ ਉੱਚੀ ਬੋਲਿਆ ਭਈ ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ! (38) ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ! (39) ਪਰ ਉਹ ਨੇ ਇਹ ਗੱਲ **ਆਤਮਾ** ਦੇ ਵਿਖੇ ਆਖੀ ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ ਕਿਉਂਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਸੀ ਹੋਇਆ।

**ਉਸ ਦੀ ਅਣਆਗਿਆਕਾਰੀ ਦਾ ਨਤੀਜਾ:**

(12) ਉਪਰੰਤ ਯਹੋਵਾਹ ਨੇ ਮੂਸਾ ਅਤੇ ਹਾਰੂਨ ਨੂੰ ਆਖਿਆ, ਏਸ ਲਈ ਕਿ **ਤੁਸਾਂ ਮੇਰੀ ਪਰਤੀਤ ਨਾ ਕੀਤੀ** ਕਿ ਇਸਰਾਏਲ ਦੀਆਂ ਅੱਖਾਂ ਵਿੱਚ **ਮੈਨੂੰ ਪਵਿੱਤਰ ਠਹਿਰਾਉਂਦੇ**, ਹੁਣ **ਤੁਸੀਂ ਏਸ ਸਭਾ ਨੂੰ ਉਸ ਧਰਤੀ ਵਿੱਚ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ, ਨਹੀਂ ਲੈ ਜਾਓਗੇ।**

- ਯਾਕੂਬ 3:1 ਹੇ ਮੇਰੇ ਭਰਾਵੋ, ਬਾਹਲੇ ਉਪਦੇਸ਼ਕ ਨਾ ਬਣੋ ਕਿਉਂ ਜੋ ਤੁਸੀਂ ਜਾਣਦੇ ਹੋ ਜੋ **ਸਾਨੂੰ ਵਧੀਕ ਸਜ਼ਾ ਮਿਲੇਗੀ**।

**ਮੂਸਾ ਪ੍ਰਭੂ ਅੱਗੇ ਬੇਨਤੀ ਕਰਦਾ ਹੈ:** ਬਿਵਸਥਾ ਸਾਰ 3:23-27 ਉਸ ਵੇਲੇ ਮੈਂ **ਯਹੋਵਾਹ ਦੇ ਅੱਗੇ ਤਰਲੇ ਪਾ ਕੇ ਬੇਨਤੀ ਕੀਤੀ**... (25) ਮੈਨੂੰ ਪਾਰ ਲੰਘਣ ਦੇਹ ਕਿ ਮੈਂ ਉਸ ਚੰਗੀ ਧਰਤੀ ਨੂੰ ਜਿਹੜੀ ਯਰਦਨ ਪਾਰ ਹੈ ਅਤੇ ਉਸ ਚੰਗੇ ਪਹਾੜੀ ਦੇਸ ਅਰ ਲਬਾਨੋਨ ਨੂੰ ਵੇਖਾਂ। (26) ਪਰ **ਯਹੋਵਾਹ ਤੁਹਾਡੇ ਕਾਰਨ ਮੇਰੇ ਨਾਲ ਗੁੱਸੇ ਸੀ** (ਦੂਜਿਆਂ 'ਤੇ ਦੋਸ਼ ਲਗਾਉਂਦਾ ਹੈ?) ਅਤੇ ਮੇਰੀ ਨਾ ਸੁਣੀ। ਯਹੋਵਾਹ ਨੇ ਮੈਨੂੰ ਆਖਿਆ, **ਬੱਸ ਕਰ! ਫੇਰ ਮੇਰੇ ਨਾਲ ਏਹ ਗੱਲ ਕਦੀ ਨਾ ਛੇੜੀਂ!**

**ਪ੍ਰਭੂ ਨੇ ਤੋਬਾ ਨੂੰ ਸਵੀਕਾਰ ਨਹੀਂ ਕੀਤਾ:** ਗਿਣਤੀ 27:12-14 ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਤੂੰ ਏਸ ਅਬਾਰੀਮ ਨਾਮੀ ਪਹਾੜ ਉੱਤੇ ਚੜ੍ਹ ਅਤੇ ਉਸ ਧਰਤੀ ਨੂੰ ਵੇਖ ਜਿਹੜੀ ਮੈਂ ਇਸਰਾਏਲੀਆਂ ਨੂੰ ਦਿੱਤੀ ਹੈ। (13) ਜਦ ਉਹ ਨੂੰ ਵੇਖ ਲਿਆ ਤਾਂ ਤੂੰ ਵੀ ਆਪਣੇ ਲੋਕਾਂ ਵਿੱਚ ਜਾ ਰਲੇਂਗਾ ਜਿਵੇਂ ਹਾਰੂਨ ਤੇਰਾ ਭਰਾ ਜਾ ਰਲਿਆ ਹੈ। (14) ਏਸ ਲਈ ਕਿ **ਤੁਸਾਂ ਮੇਰੇ ਹੁਕਮਾਂ ਨੂੰ** ਸੀਨਈ ਦੀ ਉਜਾੜ ਵਿੱਚ **ਰੱਦਿਆ** ਜਦ ਮੰਡਲੀ ਆਕੀ ਹੋ ਗਈ ਅਤੇ ਤੁਸਾਂ ਮੈਨੂੰ ਉਸ ਪਾਣੀ ਵਿਖੇ **ਉਨ੍ਹਾਂ ਦੀਆਂ ਅੱਖਾਂ ਅੱਗੇ ਪਵਿੱਤਰ ਨਾ ਠਹਿਰਾਇਆ।** ਓਹ ਮਰੀਬਾਹ ਦਾ ਪਾਣੀ ਸੀਨ ਦੀ ਉਜਾੜ ਵਿੱਚ ਕਾਦੇਸ਼ ਦੇ ਕੋਲ ਸੀ।

- ❖ ਜਦੋਂ ਅਸੀਂ ਪ੍ਰਭੂ ਦੇ ਵਚਨ ਦੀ ਪਾਲਣਾ ਕਰਦੇ ਹਾਂ, ਉਦੋਂ ਅਸੀਂ ਉਸ ਨੂੰ ਪਵਿੱਤਰ ਠਹਿਰਾਉਂਦੇ ਹਾਂ।

ਕੀ ਮੂਸਾ ਨੂੰ ਪ੍ਰਤਿੱਗਿਆ ਦੇ ਦੇਸ ਵਿੱਚ ਪ੍ਰਵੇਸ਼ ਮਿਲਿਆ? ਨਹੀਂ!

ਕੀ ਮੂਸਾ ਨੂੰ ਸਵਰਗ ਵਿੱਚ ਪ੍ਰਵੇਸ਼ ਮਿਲਿਆ? ਹਾਂ! ਇਬਰਾਨੀਆਂ 3:5 ਲੂਕਾ 9:28-31

ਇਸ ਕਰਕੇ ਅਸੀਂ ਜਾਣਦੇ ਹਾਂ ਕਿ ਕਿਸੇ ਅਣਆਗਿਆਕਾਰੀ ਵਿਸ਼ਵਾਸੀ ਵੱਲੋਂ "ਪਰਮੇਸ਼ਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਣ ਅਤੇ ਸਰੀਹਨ ਬੇਪਤ ਕਰਨ" (ਇਬਰਾਨੀਆਂ 6:6) ਦਾ ਅਰਥ ਹੈ ਕਿ ਉਹ **ਢਿੱਗ ਨੂੰ ਬੋਲਣ** ਤੋਂ, ਪਾਪ ਦਾ ਇਕਰਾਰ ਕਰਨ ਤੋਂ **ਬੇਮੁੱਖ ਹੋ ਰਿਹਾ** ਹੈ ਅਤੇ ਕਿਸੇ ਹੋਰ ਕੁਰਬਾਨੀ ਜਾਂ ਕੰਮ **ਵੱਲ ਮੁੜ ਰਿਹਾ** ਹੈ, ਭਈ ਆਖ ਰਿਹਾ ਹੋਵੇ ਕਿ ਸਵਰਗ ਜਾਣ ਲਈ ਸਾਨੂੰ ਸ਼ਰਾ ਦੀ ਪਾਲਣਾ ਵੀ ਕਰਨੀ ਪਵੇਗੀ।

ਸੋ ਅਜਿਹਾ ਕਰਕੇ ਅਸੀਂ "**ਢਿੱਗ ਨੂੰ ਮਾਰ**" ਰਹੇ ਹਾਂ ਅਤੇ ਆਖ ਰਹੇ ਹਾਂ ਕਿ ਯਿਸੂ ਮਸੀਹ ਦੀ ਮੌਤ ਕਾਫੀ ਨਹੀਂ ਸੀ ਅਤੇ ਕੁਝ ਹੋਰ ਵੀ ਕੀਤਾ ਜਾਣਾ ਲਾਜ਼ਮੀ ਹੈ। ਜਿਵੇਂ ਕਿ ਅਸੀਂ ਆਖ ਰਹੇ ਹਾਂ ਕਿ ਉਸ ਦੀ ਕਿਰਪਾ ਕਾਫੀ ਨਹੀਂ ਹੈ ਅਤੇ ਮੁਕਤੀ ਲਈ ਹਰੇਕ ਵਿਅਕਤੀ ਨੂੰ ਕੁਝ ਹੋਰ ਵੀ ਕਰਨਾ ਪਵੇਗਾ। ਅਤੇ ਇਹ ਸਰੀਹਨ ਬੇਪਤ ਕਰਨਾ ਹੈ ਕਿਉਂਕਿ ਇਸ ਤਰ੍ਹਾਂ ਮੈਂ ਆਖ ਰਿਹਾ ਹਾਂ ਕਿ ਜੋ ਕੁਝ ਉਸ ਨੇ ਆਖਿਆ ਹੈ ਉਸ ਨੂੰ ਕਰਨ ਦੇ ਅਤੇ ਮੁਹੱਈਆ ਕਰਾਉਣ ਦੇ ਉਹ ਕਾਬਿਲ ਨਹੀਂ ਹੈ ਅਤੇ ਇਸ ਤਰ੍ਹਾਂ ਮੈਂ ਉਸ ਨੂੰ "**ਪਵਿੱਤਰ ਨਾ ਠਹਿਰਾਇਆ**।"

ਕੀ ਸਾਨੂੰ ਇਸ ਸਿੱਟੇ ’ਤੇ ਪੁੱਜ ਜਾਣਾ ਚਾਹੀਦਾ ਹੈ ਕਿ ਇੱਕ **ਸੱਚਾ ਵਿਸ਼ਵਾਸੀ** ਆਪਣੀ ਕਿਸੇ ਭੈੜੀ ਅਣਆਗਿਆਕਾਰੀ ਦੇ ਕਾਰਨ ਆਪਣੀ ਮੁਕਤੀ ਨੂੰ ਗੁਆ ਸਕਦਾ ਹੈ ਅਤੇ ਉਸ ਨੂੰ **ਦੁਬਾਰਾ** ਸਲੀਬ ਦੇ ਕੋਲ ਆਉਣਾ ਪਵੇਗਾ ਅਤੇ “ਨਵਾਂ ਜਨਮ” ਪ੍ਰਾਪਤ ਕਰਨਾ ਪਵੇਗਾ, ਕੀ ਉਹ ਅਜਿਹਾ ਕਰਕੇ ਪਰਮੇਸ਼ਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ? ਸੱਚੇ ਵਿਸ਼ਵਾਸੀ ਲਈ ਜ਼ਰੂਰੀ **ਨਹੀਂ** ਹੈ ਕਿ ਉਹ “ਦੁਬਾਰਾ ਚਟਾਨ ਨੂੰ ਮਾਰੇ” ਸਗੋਂ ਸੱਚੀ ਤੋਬਾ ਵਿੱਚ **ਢਿੱਗ ਨੂੰ ਬੋਲੋ** ਅਤੇ ਆਪਣੇ ਪਾਪ ਦਾ ਇਕਰਾਰ ਕਰੇ (1 ਯੂਹੰਨਾ 1:9)।

ਕੀ ਪ੍ਰਭੂ **ਤੋਬਾ ਨੂੰ ਸਵੀਕਾਰ ਨਾ ਕਰੇ** — ਜੋ ਕਿ ਤਦ **ਸੰਭਵ ਨਹੀਂ** ਹੈ ਜੇਕਰ ਤੁਸੀਂ ਮੂਸਾ ਨਹੀਂ ਹੋ — ਤੁਸੀਂ ਆਪਣੀ ਸਦੀਪਕ ਮੁਕਤੀ ਨੂੰ **ਨਹੀਂ ਗੁਆਓਗੇ।** ਤੁਹਾਨੂੰ ਨਤੀਜੇ ਵਜੋਂ ਇਸ ਧਰਤੀ ਉੱਤੇ ਪ੍ਰਭੂ ਦੀਆਂ ਬਰਕਤਾਂ ਅਤੇ ਪ੍ਰਬੰਧ ਤੋਂ ਦੂਰ ਰਹਿ ਕੇ **ਉਜਾੜ ਦਾ ਜੀਵਨ** ਭੋਗਣਾ ਪਵੇਗਾ।

ਇਬਰਾਨੀਆਂ 6 **ਦਾ ਸਵਰਗ ਜਾਂ ਨਰਕ ਜਾਣ ਨਾਲ ਕੋਈ ਸੰਬੰਧ ਨਹੀਂ ਹੈ**, ਸਗੋਂ **ਵਿਸ਼ਵਾਸੀਆਂ ਦੀ ਪਰਿਪੱਕਤਾ ਨਾਲ ਹੈ,** ਬਚਪਨਾ ਛੱਡ ਕੇ **ਪੁੱਤਰ** ਹੋਣ ਨਾਲ ਹੈ ਅਤੇ ਆਗਿਆਕਾਰੀ ਕਰਨ ਨਾਲ ਹੈ, ਜੋ **ਪਰਮੇਸ਼ਰ ਦਾ ਰਾਜ ਹੈ।** ਜ਼ਬੂਰਾਂ 106:32-33

❖ ਪਰਮੇਸ਼ਰ ਦਾ ਰਾਜ ਹਰ ਉਸ ਥਾਂ ’ਤੇ ਹੈ ਜਿੱਥੇ ਉਹ ਸੱਚਮੁੱਚ ਰਾਜਾ ਹੈ! ਸੱਚਮੁੱਚ ਪ੍ਰਭੂ ਹੈ!

........................................................................................................................................................

**ਇਬਰਾਨੀਆਂ 6:7-8** ਜਿਹੜੀ **ਭੋਂ** ਉਸ **ਵਰਖਾ** ਨੂੰ ਜੋ ਉਸ ਉੱਤੇ ਵਾਰ ਵਾਰ ਪੈਂਦੀ ਹੈ ਪੀ ਗਈ ਅਤੇ ਜਿਨ੍ਹਾਂ ਲਈ ਵਾਹੀ ਜਾਂਦੀ ਹੈ ਉਨ੍ਹਾਂ ਦੇ **ਜੋਗ ਸਾਗ ਪੱਤ ਉਗਾਉਂਦੀ ਹੈ** ਉਹ ਨੂੰ ਪਰਮੇਸ਼ਰ ਤੋਂ ਵਰ ਮਿਲਦਾ ਹੈ। (8) ਪਰ ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ ਤਾਂ ਅਪਰਵਾਨ ਹੁੰਦੀ ਅਤੇ ਸਰਾਪੀ ਜਾਣ ਦੇ ਨੇੜੇ ਹੈ ਜਿਹ ਦਾ ਅੰਤ **ਭਸਮ** ਕੀਤਾ ਜਾਣਾ ਹੈ।

- ਭੋਂ = ਵਿਸ਼ਵਾਸੀ

  ਅਸੀਂ ਪਰਮੇਸ਼ਰ ਦਾ ਖੇਤ ਹਾਂ: 1 ਕੁਰਿੰਥੀਆਂ 3:9 ਤੁਸੀਂ ਪਰਮੇਸ਼ਰ ਦੀ ਖੇਤੀ...ਹੋ। ਅਤੇ: ਜਿਹੜਾ **ਚੰਗਾ ਬੀ** ਬੀਜਦਾ ਹੈ ਉਹ ਮਨੁੱਖ ਦਾ ਪੁੱਤਰ ਹੈ। ਮੱਤੀ 13:37

- ਬੀ/ਤੁਖਮ = ਪਰਮੇਸ਼ਰ ਦਾ ਬਚਨ

  1 ਪਤਰਸ 1:23 ਕਿਉਂ ਜੋ ਤੁਸੀਂ ਨਾਸਵਾਨ **ਤੁਖਮ** ਤੋਂ ਨਹੀਂ ਸਗੋਂ ਅਵਨਾਸੀ ਤੋਂ **ਪਰਮੇਸ਼ਰ ਦੇ ਬਚਨ** ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ।

- ਵਰਖਾ = ਪਵਿੱਤਰ ਆਤਮਾ ਦਾ ਜਲ

  ਯੂਹੰਨਾ 7:38-39 ... ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਯਾਕੂਬ 5:7-8 ਕਰਸਾਣ ਧਰਤੀ ਦੇ ਉੱਤਮ ਫਲ ਦੀ ਉਡੀਕ ਕਰਦਾ ਹੈ ਅਤੇ ਓਹ ਦੇ ਲਈ ਧੀਰਜ ਕਰਦਾ ਹੈ ਜਿੰਨਾ ਚਿਰ ਓਸ ਉੱਤੇ ਪਹਿਲੀ ਅਤੇ ਪਿੱਛਲੀ ਵਰਖਾ ਨਾ ਪਵੇ।

- ਆਇਤ 8: ਅਪਰਵਾਨ। ਯੂਨਾਨੀ ਸ਼ਬਦ ਦਾ ਅਰਥ ਹੈ **ਪਰਵਾਨ ਯੋਗ ਨਾ ਹੋਣਾ।** ਇਸ ਸ਼ਬਦ ਨੂੰ 1 ਕੁਰਿੰਥੀਆਂ 9:27 ਵਿੱਚ ਵੀ **ਅਪਰਵਾਨ** ਅਨੁਵਾਦ ਕੀਤਾ ਗਿਆ ਹੈ।

  ਸਗੋਂ ਆਪਣੇ ਸਰੀਰ ਨੂੰ ਮਾਰਦਾ ਕੁੱਟਦਾ ਅਤੇ ਉਹ ਨੂੰ ਆਪਣੇ ਵੱਸ ਵਿੱਚ ਲਿਆਉਂਦਾ ਹਾਂ ਭਈ ਐਉਂ ਨਾ ਹੋਵੇ ਜੋ ਕਿਤੇ ਮੈਂ ਹੋਰਨਾਂ ਨੂੰ ਉਪਦੇਸ਼ ਕਰ ਕੇ ਆਪ **ਅਪਰਵਾਨ** ਹੋ ਜਾਵਾਂ। ਅਤੇ ਸੰਦਰਭ ਦਾ ਸਪਸ਼ਟ ਅਰਥ ਹੈ **ਇਨਾਮ ਜਾਂ ਪੁਰਸਕਾਰ ਦੇ ਨਾਕਾਬਿਲ ਠਹਿਰਣਾ।**

  ❖ ਛੱਡ ਦਿੱਤਾ ਜਾਂ ਠੁਕਰਾ ਦਿੱਤਾ ਜਾਣਾ ਨਹੀਂ, ਪਰ ਹੁਣ ਕਿਸੇ ਕੰਮ ਦਾ ਨਾ ਰਹਿ ਜਾਣਾ।

2 ਤਿਮੋਥਿਉਸ 2:21 ਸੋ ਜੇ ਕੋਈ ਆਪਣੇ ਆਪਣੇ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਿਕ ਦੇ **ਵਰਤਣ ਜੋਗ** ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ।

ਅਸੀਂ, ਆਪਣੀ **ਪਰਿਪੱਕਤਾ** ਦੇ ਅਧਾਰ ’ਤੇ, ਸੱਚਾਈ ਦੇ ਪ੍ਰਤੀ ਸਾਡੀ ਆਗਿਆਕਾਰੀ ਦੇ ਅਧਾਰ ’ਤੇ, ਪ੍ਰਭੂ ਦੇ ਲਈ ਜਾਂ ਤਾਂ **ਉਪਯੋਗੀ** ਹੁੰਦੇ ਹਾਂ ਜਾਂ ਫਿਰ ਨਹੀਂ ਹੁੰਦੇ। ਉਵੇਂ ਹੀ ਜਿਵੇਂ ਗਲਾਤੀਆਂ ਦੇ ਵਿਸ਼ਵਾਸੀ ਸਨ।

ਗਲਾਤੀਆਂ 5:4 ਤੁਸੀਂ ਜੋ ਸ਼ਰਾ ਨਾਲ ਧਰਮੀ ਬਣਨਾ ਚਾਹੁੰਦੇ ਹੋ ਸੋ ਮਸੀਹ ਤੋਂ **ਅੱਡ ਹੋ ਗਏ** ਹੋ। ਤੁਸੀਂ **ਕਿਰਪਾ ਤੋਂ ਡਿੱਗ ਗਏ** ਹੋ।

- **ਅੱਡ ਹੋ ਗਏ** ਦੇ ਲਈ ਯੂਨਾਨੀ ਸ਼ਬਦ ਦਾ ਸ਼ਾਬਦਿਕ ਅਰਥ ਹੈ: “**ਪੂਰੀ ਤਰ੍ਹਾਂ ਨਾਲ ਬੇਕਾਰ ਜਾਂ ਅਣਉਪਯੋਗੀ ਹੋ ਜਾਣਾ**” (Strongs #2673)। ਇੱਕ ਪਾਸੇ ਰੱਖ ਦੇਣਾ।
- **ਕਿਰਪਾ ਤੋਂ ਡਿੱਗ ਗਏ -** ਇਕੱਲੀ ਕਿਰਪਾ ਉੱਤੇ ਨਿਰਭਰ ਨਹੀਂ, ਪਰ ਇਹ ਸੋਚ ਰਹੇ ਹਨ ਕਿ ਸਲੀਬ ਉੱਤੇ ਕੀਤੇ ਗਏ ਮਸੀਹ ਦੇ ਕੰਮ ਵਿੱਚ ਹੋਰ ਕਿਸੇ ਕੰਮ ਜਾਂ ਕੁਰਬਾਨੀ ਨੂੰ **ਜੋੜਿਆ ਜਾਣਾ** ਚਾਹੀਦਾ ਹੈ ਅਤੇ ਇੱਕ ਤਰ੍ਹਾਂ ਨਾਲ ਚਟਾਨ ’ਤੇ ਦੁਬਾਰਾ ਮਾਰਦੇ ਹਨ — ਅਤੇ ਇਸ ਤਰ੍ਹਾਂ ਸਰੀਹਨ ਬੇਪਤ ਕਰਦੇ ਹਨ।

  ਅਫ਼ਸੀਆਂ 2:8 ਕਿਉਂ ਜੋ ਤੁਸੀਂ **ਕਿਰਪਾ ਤੋਂ** ਨਿਹਚਾ ਦੇ ਰਾਹੀਂ **ਬਚਾਏ ਗਏ** ਅਤੇ ਇਹ **ਤੁਹਾਡੀ ਵੱਲੋਂ ਨਹੀਂ** ਇਹ ਪਰਮੇਸ਼ਰ ਦੀ **ਬਖ਼ਸ਼ੀਸ਼** ਹੈ।

ਗਲਾਤੀਆਂ 5:7 ਤੁਸੀਂ ਤਾਂ ਚੰਗੀ ਤਰਾਂ ਦੌੜ ਦੇ ਸਾਓ। ਕਿਹਨੇ ਤੁਹਾਨੂੰ **ਡੱਕ ਦਿੱਤਾ** ਭਈ ਤੁਸੀਂ ਸਚਿਆਈ ਨੂੰ ਨਾ **ਮੰਨੇ**?

**ਮਸਲਾ ਇਹੋ ਹੈ** — ਕਿਰਪਾ ਤੋਂ ਡੱਕ ਦਿੱਤਾ ਗਿਆ, ਬੇਕਾਰ ਕਰ ਦਿੱਤਾ ਗਿਆ, ਇੱਕ ਪਾਸੇ ਹਟਾ ਦਿੱਤਾ ਗਿਆ।

- ਜੇ ਉਹ ਕੰਡਿਆਲੀਆਂ ਅਤੇ ਭੱਖੜੇ ਉਤਪਤ ਕਰੇ – “ਜਿਸ ਚਟਾਨ ਨੂੰ ਮਾਰਿਆ ਗਿਆ ਹੈ” (ਪਾਪ ਲਈ ਨਿਆਂ ਕੀਤਾ ਗਿਆ ਹੈ) ਉਸ ਉੱਤੇ ਨਿਰਭਰ ਹੋਣ ਅਤੇ “ਚਟਾਨ ਨੂੰ ਬੋਲਣ” (ਇਕਰਾਰ ਕਰਨ ਜਾਂ ਬੋਲਣ) ਦੀ ਬਜਾਏ ਸਰੀਰ ਦੇ ਬੇਕਾਰ ਜਾਂ ਨੁਕਸਾਨਦਾਈ ਕੰਮ ਕਰਨਾ।
- ਸਰਾਪੀ ਜਾਣ ਦੇ **“ਨੇੜੇ”** ਹੈ ਸਰਾਪੀ ਨਹੀਂ ਗਈ ਹੈ, ਪਰ ਸਰਾਪੀ ਜਾਣ ਦੇ ਨੇੜੇ ਹੈ।
  1 ਪਤਰਸ 4:17-18 ਧਰਮੀ ਮਰ ਮਰ ਕੇ ਬਚਦਾ ਹੈ
- ਭਸਮ ਕੀਤਾ ਜਾਣਾ ਹੈ – ਭੋਂ, ਵਰਖਾ, ਕੰਡਿਆਲੇ, ਭੱਖੜੇ, ਸਭ ਰੂਪਕ ਹਨ ਅਤੇ ਇਸ ਕਰਕੇ “ਭਸਮ ਕੀਤਾ ਜਾਣਾ” ਵੀ ਇੱਕ ਰੂਪਕ ਹੈ।

ਤੁਲਨਾ ਕਰੋ: 1 ਕੁਰਿੰਥੀਆਂ 3:13-15 ਹਰੇਕ ਦਾ **ਕੰਮ** ਪਰਗਟ ਹੋਵੇਗਾ ਕਿਉਂ ਜੋ ਉਹ ਦਿਨ ਉਸ ਨੂੰ ਉਘਾੜ ਦੇਵੇਗਾ ਇਸ ਲਈ ਜੋ ਉਹ ਅੱਗ ਨਾਲ ਪਰਕਾਸ਼ ਹੁੰਦਾ ਹੈ ਅਤੇ **ਅੱਗ ਆਪੇ ਹਰੇਕ ਦਾ ਕੰਮ ਪਰਖ ਦੇਵੇਗੀ** ਭਈ ਉਹ ਕਿਸ ਪਰਕਾਰ ਦਾ ਹੈ। (14) ਜੇ ਕਿਸੇ ਦਾ ਕੰਮ ਜਿਹੜਾ ਉਹ ਨੇ ਬਣਾਇਆ ਸੀ ਟਿਕਿਆ ਰਹੇਗਾ ਤਾਂ ਉਹ ਨੂੰ **ਬਦਲਾ** ਮਿਲੇਗਾ। (15) ਜੇ ਕਿਸੇ ਦਾ ਕੰਮ ਸੜ ਜਾਵੇ ਤਾਂ ਉਹ ਦੀ ਹਾਨੀ ਹੋ ਜਾਵੇਗੀ **ਪਰੰਤੂ ਉਹ ਆਪ ਤਾਂ ਬਚ ਜਾਵੇਗਾ** ਪਰ ਸੜਦਿਆਂ ਸੜਦਿਆਂ।

ਇਬਰਾਨੀਆਂ 6:7 ਵਿੱਚ ਭੋਂ — ਵਿਸ਼ਵਾਸੀ — ਦਾ ਨੁਕਸਾਨ ਨਹੀਂ ਹੋਇਆ, ਪਰ ਉਹ ਭੋਂ ਜਿਹੜੇ ਕਬਾੜ ਨੂੰ ਪੈਦਾ ਕਰ ਰਹੀ ਹੈ, ਜੋ ਕਿ ਬੇਕਾਰ ਹੈ, ਉਸ ਨੂੰ ਹਟਾਇਆ ਗਿਆ ਹੈ।

ਪ੍ਰਭੂ ਸਾਡੇ ਜੀਵਨਾਂ ਵਿੱਚ ਕੰਮ ਕਰ ਰਿਹਾ ਹੈ ਤਾਂ ਜੋ ਸਾਨੂੰ ਪਰਿਪੱਕਤਾ ਤੱਕ ਲਿਆਵੇ, ਸਾਨੂੰ "ਪੁੱਤਰ" ਹੋਣ ਦੀ ਸਥਿਤੀ ਵਿੱਚ ਲਿਆਵੇ।

ਇਬਰਾਨੀਆਂ 6:1 ਇਸ ਕਾਰਨ...**ਸਿਆਣਪੁਣੇ ਦੀ ਵੱਲ ਅਗਾਹਾਂ ਵਧਦੇ ਜਾਈਏ** ਅਤੇ ਮੁਰਦਿਆਂ ਕੰਮਾਂ ਤੋਂ **ਤੋਬਾ ਕਰਨ** ਦੀ ਨੀਂਹ ਮੁੜ ਕੇ ਨਾ ਧਰੀਏ, ਨਾਲੇ ਪਰਮੇਸ਼ਰ ਉੱਤੇ ਨਿਹਚਾ ਕਰਨ ਦੀ... (3) ਪਰਮੇਸ਼ਰ ਚਾਹੇ ਤਾਂ **ਅਸੀਂ ਇਹੋ ਹੀ ਕਰਾਂਗੇ**।

ਇਹ ਮਸਲਾ ਵਿਸ਼ਵਾਸ / ਭਰੋਸੇ / ਆਗਿਆਕਾਰੀ ਅਤੇ ਸਲੀਬ ਉੱਤ ਮਸੀਹ ਵੱਲੋਂ ਪੂਰਾ ਕੀਤੇ ਗਏ ਕੰਮ ਵਿੱਚ ਤੁਰਨ ਦਾ ਮਸਲਾ ਹੈ। ਅਤੇ **ਸਰੀਹਨ ਬੇਪਤ ਕਰਨ** ਦਾ ਨਹੀਂ।

**ਸਦੀਪਕ** ਮੁਕਤੀ ਲਈ — **ਉਸ ਦੀ** ਸਲੀਬ ਨੂੰ ਚੁੱਕ ਲਓ।

ਉਸ ਉੱਤੇ ਅਤੇ ਉਸ ਦੀ ਮੌਤ, ਦਫਨਾਏ ਜਾਣ ਅਤੇ ਜੀ ਉੱਠਣ ਦੁਆਰਾ ਪੂਰੇ ਹੋਏ ਕੰਮ ਉੱਤੇ ਵਿਸ਼ਵਾਸ ਕਰੋ। ਤੁਹਾਡਾ **ਮੁਕਤੀਦਾਤਾ** ਯਿਸੂ ਮਸੀਹ ਹੈ।

ਯੂਹੰਨਾ 3:16 ਕਿਉਂਕਿ ਪਰਮੇਸ਼ਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ **ਨਿਹਚਾ ਕਰੇ** ਨਾਸ ਨਾ ਹੋਵੇ ਪਰ **ਸਦੀਪਕ ਜੀਉਣ ਪਾਵੇ।**

ਰੋਮੀਆਂ 10:9-11 ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ **ਇਕਰਾਰ ਕਰੇਂ** ਅਤੇ ਆਪਣੇ ਹਿਰਦੇ ਨਾਲ **ਮੰਨ ਲਵੇਂ** ਜੋ ਪਰਮੇਸ਼ਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। (10) ਧਰਮ ਲਈ ਤਾਂ **ਹਿਰਦੇ ਨਾਲ ਨਿਹਚਾ ਕਰੀਦੀ** ਅਤੇ ਮੁਕਤੀ ਲਈ ਮੂੰਹ ਨਾਲ ਇਕਰਾਰ ਕਰੀਦਾ ਹੈ।

**ਰੋਜਾਨਾ** ਬਚੇ ਰਹਿਣ ਲਈ — **ਆਪਣੀ** ਸਲੀਬ ਚੁੱਕੋ।

ਆਪਣੇ ਸਵੈ ਨੂੰ ਮੌਤ ਦਓ ਅਤੇ ਸ਼ਤਾਨ ਅਤੇ ਪਾਪ ਉੱਤੇ ਜਿੱਤ ਵਿੱਚ ਮਸੀਹ ਦੇ ਲਈ ਜੀਓ। ਤੁਹਾਡਾ **ਮੁਕਤੀਦਾਤਾ** ਯਿਸੂ ਮਸੀਹ ਹੈ।

ਮੱਤੀ 10:38 ਅਤੇ ਜੋ ਕੋਈ **ਆਪਣੀ ਸਲੀਬ ਚੁੱਕ ਕੇ** ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ। (39) ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ ਅਤੇ ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ।

ਲੂਕਾ 9:23 ਉਸ ਨੇ ਸਭਨਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ **ਆਪਣੀ ਸਲੀਬ ਚੁੱਕ ਕੇ** ਮੇਰੇ ਪਿੱਛੇ ਚੱਲੇ।

ਲੂਕਾ 6:46 ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?